DAY — 03 SEAT NUMBER | | | | | | |

2025 | II | 13 | 1100 | **J-266** | (PUN)

PUNJABI (11)

Time : 3 Hrs. (4 Pages) Max. Marks : 80

ਵਿਭਾਗ – 1 [20]

ਨੋਟ : ਹੇਠ ਲਿਖੇ ਸਾਰੇ ਪ੍ਰਸ਼ਨ ਜਰੂਰੀ ਹਨ। ਧਿਆਨ ਨਾਲ ਪੜ੍ਹ ਕੇ ਉੱਤਰ ਦਿੱਉ ।

ਪ੍ਰ. 1 (ੳ) : ਹੇਠ ਲਿਖਿਆਂ ਵਿਚੋਂ ਕਿਸੇ ਇੱਕ ਵਿਸ਼ੇ ਤੇ ਵਿਦਵਤਾ ਭਰਿਆ ਨੋਟ ਲਿਖੋ : (6)

1. ਦੇਸ਼ ਪਿਆਰ ਜਾਂ ਦੇਸ਼ ਭਗਤੀ ।
2. ਸ਼ਹੀਦ ਭਗਤ ਸਿੰਘ ।
3. ਦਾਜ ਦੀ ਸਮੱਸਿਆ ।

(ਅ) : ਕਿਸੇ ਇੱਕ ਤੇ ਨੋਟ ਲਿਖੋ : (6)

1. ਸਾਡੇ ਤਿਉਹਾਰ ।
2. ਅਖ਼ਬਾਰਾਂ ਦੇ ਲਾਭ – ਹਾਨੀਆਂ ।
3. ਮਨੁੱਖ ਤੇ ਵਿਗਿਆਨ ।

(ੲ) : ਹੇਠ ਲਿਖਿਆਂ ਵਿਚੋਂ ਕਿਸੇ ਇੱਕ ਤੇ ਪੱਤਰ ਲਿਖੋ : (8)

ਆਪਣੇ ਮਿੱਤਰ/ਸਹੇਲੀ ਨੂੰ ਆਪਣੇ ਭਰਾ ਜਾਂ ਭੈਣ ਦੇ ਵਿਆਹ ਤੇ ਆਉਣ ਲਈ ਚਿੱਠੀ ਲਿਖੋ ਕਿ ਉਹ ਵਿਆਹ ਤੋਂ ਕੁੱਝ ਦਿਨ ਪਹਿਲਾਂ ਆ ਕੇ ਤਿਆਰੀ ਵਿੱਚ ਹੱਥ ਵੰਡਾਵੇ ।

ਜਾਂ

ਇੱਕ ਰੋਜ਼ਾਨਾ ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਪਿੰਡ/ਮੁਹੱਲੇ ਵਿੱਚ ਪੁਲੀਸ ਵਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਦਾ ਜ਼ਿਕਰ ਕਰਦੇ ਹੋਏ ਪੱਤਰ ਲਿਖੋ ।

ਵਿਭਾਗ – 2 [20]

ਪ੍ਰ. 2 (ੳ) : ਹੇਠ ਲਿਖਿਆਂ ਵਿਚੋਂ ਕਿਸੇ ਦੋ ਪੈਰਾਗ੍ਰਾਫ਼ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : (10)

1. ''ਜਿਹੜੀ ਜਾਣ-ਪਛਾਣ ਬਚਪਨ ਵਿੱਚ ਪੱਲੇ ਪੈ ਜਾਂਦੀ ਹੈ। ਉਹੀ ਤੋੜ ਨਿਭਦੀ ਹੈ।'' ਲੇਖਕ ਨੇ ਇਹ ਟਿੱਪਣੀ ਕਿਹੜੇ ਪ੍ਰਸੰਗ ਵਿੱਚ ਕੀਤੀ ਹੈ।
2. ''ਉਸ ਵੇਲੇ ਪ੍ਰਾਇਮਰੀ ਸਕੂਲ ਵੀ ਨਾਂ-ਮਾਤਰ ਹੁੰਦੇ ਸਨ ਅਤੇ ਪਿੰਡਾਂ ਤੋਂ ਦੂਰ ਵੱਡਿਆਂ ਸ਼ੂਬਿਆਂ ਅਤੇ ਸ਼ਹਿਰਾਂ ਵਿੱਚ ਹੀ ਹੁੰਦੇ ਸਨ।'' ਲੇਖਕ ਦਾ ਇਹ ਕਹਿਣ ਤੋਂ ਕੀ ਭਾਵ ਹੈ।
3. ''ਆਹ! ਅਸੀਂ ਗੁਲਾਮ ਹਿੰਦੀ ਕਿਤਨੇ ਬੇਵੱਸ ਹਾਂ, ਆਪਣੇ ਸ਼ਹੀਦ ਹੋਏ ਭਰਾਵਾਂ ਲਈ ਚਾਰ ਹੰਝੂ ਵੀ ਨਹੀਂ ਕੇਰ ਸਕਦੇ।''

(ਅ) : ਕਿਸੇ ਦੋ ਪੈਰਾਗ੍ਰਾਫ਼ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : (5)

1. ''ਪਹਿਲਾਂ ਤਾਂ ਨਾਨਕ ਸਿੰਘ ਨੂੰ ਸਵਿੱਤਰੀ ਦੀ ਯਾਦ ਪਰੇਸ਼ਾਨ ਕਰਦੀ ਰਹੀ। ਉਸ ਦਾ ਦਿਲ ਕਰਦਾ ਸੀ ਕਿ ਉਹ ਜ਼ੇਲ ਦੀ ਦੀਵਾਰ ਟੱਪ ਕੇ ਨੱਸ ਜਾਵੇ।''
2. ''ਕਿਸਮਤ ਦੀ ਇਉਂ ਰੀਤ ਹੈ, ਬਟੂਆ ਸੁੱਟੇ ਰਾਹ,
ਉੱਦਮ ਕਰ ਜੋ ਚੁੱਕਦਾ ਓਹੀ ਖੱਟੇ ਲਾਹ।''
3. ''ਮਨੁੱਖ ਹੋਣ ਦਾ ਪੂਰਾ ਸਵਾਦ ਮਨੁੱਖ ਨੂੰ ਉਦੋਂ ਹੀ ਆਵੇਗਾ ਜਦੋਂ ਮਨੁੱਖ ਦੇ ਮੂੰਹ ਦੇ ਲਫ਼ਜ਼ ਲਿਖੇ ਅਸ਼ਟਾਮ ਨਾਲੋਂ ਵਧੇਰੇ ਇਤਬਾਰੀ ਗਿਣਿਆ ਜਾਵੇਗਾ।''

(ਇ) : ਕਿਸੇ ਇੱਕ ਪ੍ਰਸ਼ਨ ਦਾ ਉੱਤਰ ਦਿਉ : (5)

1. ''ਰਾਂਝੇ ਦਾ ਜੋਗ ਲੈਣਾ'' ਸੰਖੇਪ ਵਿੱਚ ਵਰਨਣ ਕਰੋ।
2. ਯੂਸਫ਼ ਦੀ ਖੂਬਸੂਰਤੀ ਦੀ ਪ੍ਰਸ਼ੰਸਾ ਦਾ ਵਰਨਣ ਕਰੋ।

ਵਿਭਾਗ – 3 [10]

ਪ੍ਰਸ਼ਨ ਨੰ. 3 ੳ : ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਉ : (6)

1. ਕਿੱਸਾ 'ਪੂਰਨ ਭਗਤ' ਦਾ ਵਰਨਣ ਕਰੋ ।
2. ਹੀਰ ਦੀ ਡੋਲੀ ਦਾ ਵਰਨਣ ਕਰੋ ।
3. ਕਿੱਸਾ ਮਿਰਜ਼ਾ – ਸਾਹਿਬਾਂ ਦਾ ਵਰਨਣ ਕਰੋ ।
4. 'ਮਾਂ ਦਾ ਹੀਰ ਨੂੰ ਸਮਝਾਉਣਾ' ਪੈਰਾਗ੍ਰਾਫ਼ ਦਾ ਵਰਨਣ ਕਰੋ ।

ਅ : ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ : (4)

'ਚੰਡੀ ਦੀ ਵਾਰ'

ਜਾਂ

ਭਾਈ ਵੀਰ ਸਿੰਘ ਜੀ ਦੀ ਰਚਨਾ 'ਗੁਲਾਬ ਦਾ ਫੁੱਲ' ਦਾ ਸਾਰ ਲਿਖੋ ।

ਵਿਭਾਗ – 4 [20]

ਪ੍ਰਸ਼ਨ ਨੰ.4 : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :

1. ਇਕਾਂਗੀ ਨਾਟਕ ਕੀ ਹੁੰਦਾ ਹੈ? ਸੰਖੇਪ ਵਿੱਚ ਨੋਟ ਲਿਖੋ । (6)

ਜਾਂ

ਨਿੱਕੀ ਕਹਾਣੀ ਤੇ ਇੱਕ ਸੰਖੇਪ ਨੋਟ ਲਿਖੋ ।

2. ਨਿਬੰਧ ਇੱਕ ਸਾਹਿਤ-ਰੂਪ ਹੈ, ਇਸ ਦੀ ਜਾਣ-ਪਛਾਣ ਕਰਾਉ । (4)

3. ਨਾਵਲ ਦੇ ਲੱਛਣ ਦੱਸੋ ਅਤੇ ਨਾਵਲੀ ਤੱਤਾਂ ਦਾ ਨਿਰੂਪਣ ਕਰੋ । (6)

4. ਕਵਿਤਾ ਇੱਕ ਸਾਹਿਤ-ਰੂਪ ਹੈ, ਜਾਣ-ਪਛਾਣ ਕਰਾਉ । (4)

ਜਾਂ

ਸਫ਼ਰਨਾਮਾ ਕੀ ਹੈ, ਚਰਚਾ ਕਰੋ ।

ਵਿਭਾਗ – 5 [10]

ਪ੍ਰਸ਼ਨ ਨੰ. 5 (ੳ) : ਹੇਠ ਲਿਖਿਆ ਵਿਚੋਂ ਕਿਸੇ ਦੋ ਵਾਕਾਂ ਨੂੰ ਬ੍ਰੈਕਟ ਵਿੱਚ ਦਿੱਤੇ ਅਨੁਸਾਰ ਬਦਲੋ : (4)

1. ਦੁਸ਼ਮਨ ਕਦੇ ਮਿੱਤਰ ਨਹੀਂ ਬਣਦੇ । (ਹਾਂ-ਵਾਚਕ)

ਜਾਂ

ਮੈਂ ਹਰ ਰੋਜ਼ ਸੈਰ ਕਰਦਾ ਹਾਂ । (ਨਾਂਹ-ਵਾਚਕ)

2. ਮਾਸਟਰ ਜੀ ਆ ਗਏ । (ਪ੍ਰਸ਼ਨ ਵਾਚਕ)

ਜਾਂ

ਵਿਦਿਆਰਥੀ ਹੋਣਹਾਰ ਹੈ । (ਵਿਸਮਿਕ ਚਿੰਨ੍ਹ)

(ਅ) : ਕਿਸੇ **ਚਾਰ** ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ : (4)

1. ਅੱਖ ਲੱਗਣੀ ।
2. ਅੱਖਾਂ ਅੱਗੇ ਸਰੋਂ ਫੁੱਲਣੀ ।
3. ਜਾਨ ਵਾਰਨਾ ।
4. ਚੰਦ ਚੜ੍ਹਨਾ ।
5. ਗਲਾ ਭਰ ਆਉਣਾ ।
6. ਖ਼ੂਨ ਉਬਲਣਾ ।

(ਏ) : ਕਿਸੇ **ਚਾਰ** ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ : (2)

1. ਅਮਨ
2. ਅਸਲੀ
3. ਸੜੀਅਲ
4. ਉਧੇੜਨਾ
5. ਉਸਤਤ
6. ਉਜਾੜ ।

◆◆◆